Indiana
DEPARTMENT OF EDUCATION

Dr. Jennifer McCormick
Superintendent of Public Instruction

*Working Together for Student Success*

# ਕਿੰਨਾ ਬਿਮਾਰ ਬਹੁਤ ਜ਼ਿਆਦਾ ਬਿਮਾਰ ਹੈ?

ਇਸ ਜਾਣਕਾਰੀ ਸ਼ੀਟ ਨੂੰ ਆਮ ਸੇਧਾਂ ਦੇ ਤੌਰ ਤੇ ਤਿਆਰ ਕੀਤਾ ਗਿਆ ਹੈ।
ਜੇ ਤੁਹਾਡੇ ਮਨ ਵਿੱਚ ਕੋਈ ਡਾਕਟਰੀ ਸਵਾਲ ਹਨ ਤਾਂ ਆਪਣੇ ਡਾਕਟਰ ਨਾਲ ਸਲਾਹ ਕਰੋ।

| ਲੱਛਣ | ਸਕੂਲ ਭੇਜੋ | ਘਰ ਰੱਖੋ |
|---|---|---|
| ਬੁਖ਼ਾਰ | ਪਿਛਲੇ 24 ਘੰਟਿਆਂ ਦੌਰਾਨ ਵਿਦਿਆਰਥੀ ਦਾ ਤਾਪਮਾਨ 100 ਡਿਗਰੀ ਤੋਂ ਘੱਟ ਰਿਹਾ ਹੈ ਅਤੇ ਬੁਖ਼ਾਰ ਘੱਟ ਕਰਨ ਦੀ ਕੋਈ ਦਵਾਈ ਨਹੀਂ ਲਈ ਗਈ ਹੈ। | ਪਿਛਲੇ 24 ਘੰਟਿਆਂ ਦੌਰਾਨ ਵਿਦਿਆਰਥੀ ਦਾ ਤਾਪਮਾਨ 100 ਡਿਗਰੀ ਤੋਂ ਵੱਧ ਰਿਹਾ ਹੈ |
| ਦਸਤ | ਪਿਛਲੇ 24 ਘੰਟਿਆਂ ਦੌਰਾਨ ਇੱਕ ਤੋਂ ਵੱਧ ਪਤਲੀ ਟੱਟੀ ਨਹੀਂ ਆਈ ਹੈ। | ਪਿਛਲੇ 24 ਘੰਟਿਆਂ ਦੌਰਾਨ ਇੱਕ ਤੋਂ ਵੱਧ ਪਤਲੀ ਟੱਟੀ ਆਈ ਹੈ। |
| ਉਲਟੀਆਂ | ਪਿਛਲੇ 24 ਘੰਟਿਆਂ ਦੌਰਾਨ ਕੋਈ ਉਲਟੀ ਨਹੀਂ ਆਈ। | ਪਿਛਲੇ 24 ਘੰਟਿਆਂ ਦੌਰਾਨ ਉਲਟੀ ਆਈ ਹੈ। |
| ਅੱਖਾਂ | ਅੱਖਾਂ ਵਿੱਚ ਰੜਕ ਹੈ ਪਰ ਉਹ ਲਾਲ ਜਾਂ ਪਪੜੀ ਵਾਲੀਆਂ ਨਹੀਂ ਹਨ ਅਤੇ ਵਗ ਨਹੀਂ ਰਹੀਆਂ ਹਨ। | ਅੱਖਾਂ ਗੁਲਾਬੀ, ਵਗ ਰਹੀਆਂ, ਪਪੜੀ ਵਾਲੀਆਂ, ਖੁਜਲੀ ਵਾਲੀਆਂ, ਦਰਦ ਕਰ ਰਹੀਆਂ, ਰੌਸ਼ਨੀ ਲਈ ਸੰਵੇਦਨਸ਼ੀਲ ਹਨ ਜਾਂ ਵਿਦਿਆਰਥੀ ਦੀ ਨਜ਼ਰ ਵਿੱਚ ਤਬਦੀਲੀਆਂ ਆਈਆਂ ਹਨ। |
| ਖੰਘ / ਨੱਕ ਵਗਣਾ | ਮਾਮੂਲੀ ਖੰਘ ਜਾਂ ਨੱਕ ਵਗਣਾ ਹੈ ਪਰ ਕੋਈ ਬੁਖ਼ਾਰ ਨਹੀਂ ਹੈ ਅਤੇ ਵਿਦਿਆਰਥੀ ਖੰਘ ਨੂੰ ਢੱਕ ਸਕਦਾ ਹੈ, ਨੱਕ ਸਾਫ ਕਰ ਸਕਦਾ ਹੈ ਅਤੇ ਹੱਥ ਧੋ ਸਕਦਾ ਹੈ। | ਲੱਛਣ ਇੰਨੇ ਗੰਭੀਰ ਹਨ ਕਿ ਵਿਦਿਆਰਥੀ ਪੜ੍ਹਾਈ ਨਹੀ ਕਰ ਸਕਦਾ। ਵਿਦਿਆਰਥੀ ਨੂੰ ਬੁਖ਼ਾਰ ਹੈ ਜਾਂ ਉਹ ਖੰਘ ਨੂੰ ਢੱਕਣ, ਨੱਕ ਸਾਫ ਕਰਨ ਜਾਂ ਹੱਥ ਧੋਣ ਵਿੱਚ ਅਸਮਰਥ ਹੈ। |
| ਦਾਣੇ | ਦਾਣੇ ਵਗ ਨਹੀਂ ਰਹੇ ਹਨ ਅਤੇ ਫੈਲ ਨਹੀ ਰਹੇ ਹਨ। ਵਿਦਿਆਰਥੀ ਨੂੰ ਬੁਖ਼ਾਰ ਨਹੀਂ ਹੈ ਅਤੇ ਖ਼ਾਰਸ਼ ਦੇ ਲੱਛਣ ਇੰਨੇ ਜ਼ਿਆਦਾ ਨਹੀਂ ਹਨ ਕਿ ਪੜ੍ਹਾਈ ਵਿੱਚ ਰੁਕਾਵਟ ਪਵੇ। | ਦਾਣੇ ਪਰੇਸ਼ਾਨ ਕਰ ਰਹੇ ਹਨ ਅਤੇ ਧਿਆਨ ਕੇਂਦਰਤ ਨਹੀਂ ਕਰਨ ਦੇ ਰਹੇ। ਵਿਦਿਆਰਥੀ ਨੂੰ ਬੁਖ਼ਾਰ ਜਾਂ ਬਹੁਤ ਜ਼ਿਆਦਾ ਖ਼ਾਰਸ਼ ਹੈ, ਜਾਂ ਦਾਣੇ ਫੈਲ ਰਹੇ ਹਨ ਜਾਂ ਵਗ ਰਹੇ ਹਨ। |
| ਦਮਾ | ਲੱਛਣ ਚੰਗੀ ਤਰ੍ਹਾਂ ਕਾਬੂ ਵਿੱਚ ਹਨ ਅਤੇ ਵਿਦਿਆਰਥੀ ਨੂੰ ਪਤਾ ਹੈ ਕਿ ਸਕੂਲ ਵਿੱਚ ਕਿਸੇ ਬਾਲਗ ਨੂੰ ਕਦੋਂ ਸੰਪਰਕ ਕਰਨਾ ਹੈ ਜਾਂ ਵਿਦਿਆਰਥੀ ਕੋਲ ਦਮੇ ਲਈ ਸਕੂਲ ਦੀ ਫਾਇਲ ਵਿੱਚ ਕਾਰਵਾਈ ਦੀ ਯੋਜਨਾ ਹੈ ਅਤੇ ਉਹ ਇਸ ਯੋਜਨਾ ਦੀ ਪਾਲਣਾ ਕਰ ਰਿਹਾ ਹੈ। | ਲੱਛਣ ਚੰਗੀ ਤਰ੍ਹਾਂ ਕਾਬੂ ਵਿੱਚ ਨਹੀਂ ਹਨ ਅਤੇ ਵਿਦਿਆਰਥੀ ਨੂੰ ਪਤਾ ਨਹੀਂ ਚਲਦਾ ਕਿ ਉਸਨੂੰ ਮਦਦ ਦੀ ਲੋੜ ਕਦੋਂ ਹੁੰਦੀ ਹੈ ਅਤੇ ਸਕੂਲ ਦੀ ਫ਼ਾਈਲ ਵਿੱਚ ਦਮੇ ਲਈ ਕਾਰਵਾਈ ਦੀ ਕੋਈ ਯੋਜਨਾ ਨਹੀਂ ਹੈ। |

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਡੀਐਨਾ ਪੈਡੈਕ (Deanna Paddack), ਮੁੱਖ ਨਰਸ ਸਲਾਹਕਾਰ, ਇੰਡਿਆਨਾ ਸਟੇਟ ਸਿਹਤ ਵਿਭਾਗ, dpaddack@isdh.IN.gov

ਜੋਲੀਨ ਬ੍ਰੈਕੇਲ (Jolene Bracale), ਵਿਦਿਆਰਥੀ ਸਿਹਤ ਸੇਵਾ ਵਿਸ਼ੇਸ਼ੱਗ, ਇੰਡਿਆਨਾ ਸਿੱਖਿਆ ਵਿਭਾਗ, JBracale@doe.in.gov

ਲੀਸਾ ਟਰੂਇਟ (Lisa Truitt), ਸਟੇਟ ਹਾਜ਼ਰੀ ਅਫਸਰ, ਇੰਡਿਆਨਾ ਸਿੱਖਿਆ ਵਿਭਾਗ, LTruitt1@doe.in.gov